ਮੁੱਖ ਇੰਜਨੀਅਰ/ਨਹਿਰਾਂ,
ਜਲ ਸਰੋਤ ਵਿਭਾਗ ਪੰਜਾਬ,
ਚੰਡੀਗੜ੍ਹ ।

ਵੱਲ

ਸਮੂਹ 141 ਉਮੀਦਵਾਰ ਬਾਬਤ
ਉਪ ਮੰਡਲ ਅਫਸਰ ਦੀ ਨਿਯੁਕਤੀ
ਲਈ (ਜਲ ਸਰੋਤ ਵਿਭਾਗ, ਪੰਜਾਬ)

ਮੀਮੋ ਨੰਬਰ 5402-5543/10ਈਈ-2/2017
ਮਿਤੀ 15/11/2017

ਵਿਸ਼ਾ:- ਜਲ ਸਰੋਤ ਵਿਭਾਗ ਵਿੱਚ 141 ਉਪ ਮੰਡਲ ਅਫਸਰ (ਸਿਵਲ) ਦੀ ਸਿਧੀ ਭਰਤੀ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

ਵਿਸ਼ਾ ਅੰਕਿਤ ਮਾਮਲੇ ਵਿੱਚ ਲੋਕ ਨਿਰਮਾਣ ਵਿਭਾਗ ਵੱਲੋਂ ਜਲ ਸਰੋਤ ਵਿਭਾਗ, ਲੋਕ ਨਿਰਮਾਣ ਵਿਭਾਗ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਜੁਆਇੰਟ ਕਾਊਂਸਲਿੰਗ ਕਰਨ ਉਪਰੰਤ ਆਪ ਦੀ ਸਿਲੈਕਸ਼ਨ ਸਰਕਾਰ ਵੱਲੋ ਜਾਰੀ ਮੀਮੋ ਨੰਬਰ 1/33/2015-1ਸਿਪ੍ਰੋ2/1100475/1 ਮਿਤੀ 7/11/2017 ਰਾਹੀ ਜਲ ਸਰੋਤ ਵਿਭਾਗ ਵਿੱਚ ਹੋਈ ਹੈ।

ਇਸ ਲਈ ਆਪ ਨੂੰ ਉਪਰੋਕਤ ਪੱਤਰ ਅਨੁਸਾਰ ਲਿਖਿਆ ਜਾਂਦਾ ਹੈ ਕਿ ਆਪਣਾ ਚਾਲ-ਚਲਣ (ਪੁਲਿਸ ਵੈਰੀਫਿਕੇਸ਼ਨ), ਸਰਕਾਰ ਦੀਆਂ ਹਦਾਇਤਾਂ ਅਨੁਸਾਰ ਤਸਦੀਕ ਕਰਵਾਉਣ ਲਈ ਜਲ ਸਰੋਤ ਵਿਭਾਗ ਦੀ ਵੈਬ-ਸਾਈਟ http://irrigation.punjab.gov.in" ਤੇ ਅੰਗਰੇਜ਼ੀ ਅਤੇ ਪੰਜਾਬੀ ਦੋਨੋ ਭਾਸ਼ਾਵਾਂ ਵਿੱਚ ਅਪਲੋਡ ਕੀਤੇ ਗਏ ਹਨ। ਪੰਜਾਬ ਦੇ ਵਸਨੀਕ ਆਪਣੇ ਪ੍ਰੋਫਾਰਮੇ ਪੰਜਾਬੀ ਭਾਸ਼ਾ ਵਿੱਚ ਅਤੇ ਪੰਜਾਬ ਰਾਜ ਤੋ ਬਾਹਰ ਰਹਿੰਦੇ ਉਮੀਦਵਾਰ ਇਹ ਪ੍ਰੋਫਾਰਮੇ ਅੰਗਰੇਜੀ ਭਾਸ਼ਾ ਵਿੱਚ, ਤਿੰਨ ਪੜਤਾ ਵਿੱਚ ਭਰਨ ਉਪਰੰਤ ਹਾਰਡ ਕਾਪੀ ਰਜਿਸਟਰਡ ਡਾਕ ਰਾਹੀਂ ਮੁੱਖ ਇੰਜੀਨੀਅਰ/ਨਹਿਰਾਂ, ਜਲ ਸਰੋਤ ਵਿਭਾਗ, ਪੰਜਾਬ, (ਹਾਈਡਲ ਬਿਲਡਿੰਗ), ਮੱਧਿਆ ਮਾਰਗ, ਸੈਕਟਰ-18-ਬੀ, ਚੰਡੀਗੜ੍ਹ ਦੇ ਪਤੇ ਤੇ 7 ਦਿਨਾਂ ਦੇ ਅੰਦਰ-ਅੰਦਰ ਭੇਜੇ ਜਾਣ ।

ਜੇਕਰ ਆਪ ਵੱਲੋ ਨਿਸ਼ਚਿਤ ਸਮੇ ਅੰਦਰ ਇਹ ਸੂਚਨਾ ਨਿਸ਼ਚਿਤ ਪ੍ਰੋਫਾਰਮੇ ਅੰਦਰ ਭਰਕੇ ਇਸ ਦਫਤਰ ਨੂੰ ਨਹੀ ਭੇਜੀ ਜਾਂਦੀ ਤਾਂ ਇਹ ਸਮਝ ਲਿਆ ਜਾਵੇ ਕਿ ਤੁਸੀ ਇਸ ਆਸਾਮੀ ਦੀ ਨਿਯੁਕਤੀ ਲਈ ਵਿਚਾਰੇ ਜਾਣ ਲਈ ਚਾਹਵਾਨ ਨਹੀ ਹੋ।

ਇਸ ਪੱਤਰ ਨੂੰ ਕਿਸੇ ਵੀ ਪੱਖ ਤੋਂ ਨਿਯੁਕਤੀ ਪੱਤਰ ਨਾਂ ਮੰਨਿਆ ਜਾਵੇ।

ਇਸ ਸਬੰਧੀ ਕੋਈ ਵੀ ਨਵੇ ਅਪਡੇਟ ਜਾਨਣ ਲਈ ਜਲ ਸਰੋਤ ਵਿਭਾਗ ਦੀ ਉਪਰੋਕਤ ਵੈਬ-ਸਾਈਟ ਨੂੰ ਚੈਕ ਕੀਤਾ ਜਾਵੇ।

ਡਿਪਟੀ ਡਾਇਰੈਕਟਰ/ਪ੍ਰਸ਼ਾਸ਼ਨ,
ਵਾ: ਮੁੱਖ ਇੰਜੀਨੀਅਰ, ਜਲ ਸਰੋਤ ਵਿਭਾਗ ਪੰਜਾਬ,
ਚੰਡੀਗੜ੍ਹ । 13/11/17